**ਦਫਤਰ ਚੇਅਰਮੈਨ, ਸਿੱਖਿਆ ਭਰਤੀ ਬੋਰਡ-ਕਮ-ਪ੍ਰਮੁੱਖ ਸਕਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ।**
**ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ, ਫੇਜ-3ਬੀ-1, ਐਸ.ਏ.ਐਸ ਨਗਰ।**
ਵੈਬ-ਸਾਈਟ:- **www.educationrecruitmentboard.com**

---

## ਪਬਲਿਕ ਨੋਟਿਸ

ਸਿੱਖਿਆ ਭਰਤੀ ਬੋਰਡ ਨੇ ਅਜਿਹੇ ਸਾਰੇ ਉਮੀਦਵਾਰਾਂ ਦੀਆਂ ਯੋਗਤਾਵਾਂ ਸਬੰਧੀ ਵੇਰਵੇ ਮੰਗਣ ਦਾ ਫੈਸਲਾ ਲਿਆ ਹੈ, ਜਿਹਨਾਂ ਉਮੀਦਵਾਰਾਂ ਨੇ ਰਾਸ਼ਟਰੀ ਮਾਧਿਮਕ ਸਿੱਖਿਆ ਅਭਿਆਨ ਅਥਾਰਟੀ ਅਧੀਨ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸੇਅਰਿੰਗ ਪੈਟਰਨ ਤੇ ਮਿਡਲ ਤੋ ਹਾਈ ਅਪਗਰੇਡ ਹੋਏ 264 ਸਕੂਲਾਂ ਲਈ 764 ਵਿਸ਼ਾਵਾਰ ਅਧਿਆਪਕਾਂ ਦੀਆਂ ਠੇਕਾ ਆਧਾਰਿਤ ਅਸਾਮੀਆਂ ਦੀ ਭਰਤੀ ਦੌਰਾਨ ਕੀਤੀਆਂ ਗਈਆਂ ਅਸਲ ਦਸਤਾਵੇਜ਼ਾਂ ਦੀਆਂ ਸਕਰੂਟਨੀਆਂ ਦੌਰਾਨ ਪੰਜਾਬ ਰਾਜ ਤੋਂ ਬਾਹਰਲੇ ਰਾਜਾਂ ਤੋਂ ਪ੍ਰਾਪਤ ਕੀਤੀਆਂ ਡਿਗਰੀਆਂ / ਸਰਟੀਫਿਕੇਟ ਪੇਸ਼ ਕੀਤੇ ਹਨ। ਉਹਨਾਂ ਸਾਰੇ ਉਮੀਦਵਾਰਾਂ ਨੂੰ ਮਿਤੀ 08-06-2015 ਅਤੇ ਮਿਤੀ 09-06-2015 ਨੂੰ ਸਵੇਰੇ 09:00 ਵਜੇ ਤੋਂ ਦੁਪਿਹਰ 02:00 ਵਜੇ ਤੱਕ ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ (ਮਾਈਕਰੋਸਾਫਟ ਬਿਲਡਿੰਗ), 3ਬੀ-1, ਐਸ.ਏ.ਐਸ ਨਗਰ ਵਿਖੇ ਸੱਦਾ ਦਿੱਤਾ ਜਾਂਦਾ ਹੈ। ਉਮੀਦਵਾਰਾਂ ਦੀ ਸੂਚੀ ਅਤੇ ਸਵੈ-ਘੋਸ਼ਣਾ ਪੱਤਰ ਵਿਭਾਗ ਦੀ ਵੈਬ-ਸਾਈਟ www.educationrecruitmentboard.com ਤੇ ਉਪਲਬਧ ਹੈ। ਸਾਰੇ ਉਮੀਦਵਾਰ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕੀਤੇ ਪ੍ਰੋਫਾਰਮੇ ਨੂੰ ਸਬੂਤ ਸਮੇਤ ਹੇਠਾ ਦਰਸਾਏ ਗਏ ਸਡਿਊਲ ਅਨੁਸਾਰ ਸਾਫ-ਸਾਫ ਭਰ ਕੇ, ਆਪਣੀ ਪਾਸਪੋਰਟ ਸਾਈਜ ਦੀਆਂ 2 ਫੋਟੋਆਂ ਅਤੇ ਸਾਰੀਆਂ ਵਿਦਿਅਕ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਿੱਜੀ ਤੌਰ ਤੇ ਨਾਲ ਲੈ ਕੇ ਆਉਣ।

| ਲੜੀ ਨੰ | ਮਿਤੀ | ਉਮੀਦਵਾਰਾਂ ਦੀ ਗਿਣਤੀ |
|---|---|---|
| 1. | 08.06.2015 | ਲੜੀ ਨੰ 1 ਤੋਂ 115 ਤੱਕ ਦੇ ਉਮੀਦਵਾਰ ਵੈਬ-ਸਾਈਟ ਤੇ ਅਪਲੋਡ ਕੀਤੀ ਲਿਸਟ ਅਨੁਸਾਰ। |
| 2. | 09.06.2015 | ਲੜੀ ਨੰ 116 ਤੋਂ 222 ਤੱਕ ਦੇ ਉਮੀਦਵਾਰ ਵੈਬ-ਸਾਈਟ ਤੇ ਅਪਲੋਡ ਕੀਤੀ ਲਿਸਟ ਅਨੁਸਾਰ। |

ਨੋਟ:- ਜਿਹੜੇ ਉਮੀਦਵਾਰਾਂ ਨੇ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਦੌਰਾਨ ਪੰਜਾਬ ਰਾਜ ਤੋਂ ਬਾਹਰਲੇ ਰਾਜਾਂ ਤੋਂ ਪ੍ਰਾਪਤ ਕੀਤੀਆਂ ਡਿਗਰੀਆਂ / ਸਰਟੀਫਿਕੇਟ ਪੇਸ਼ ਕੀਤੇ ਹਨ, ਪਰੰਤੂ ਉਹਨਾ ਦਾ ਨਾਮ ਸੂਚੀ ਵਿੱਚ ਸ਼ਾਮਲ ਨਹੀਂ ਹੈ। ਉਹ ਉਮੀਦਵਾਰ ਵੀ ਮਿਤੀ 09.06.2015 ਨੂੰ ਸਵੈ-ਘੋਸ਼ਣਾ ਪੱਤਰ ਜਮਾਂ ਕਰਵਾ ਸਕਦੇ ਹਨ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿੱ)
ਪੰਜਾਬ।